IJNRD.ORG ISSN : 2456-4184
INTERNATIONAL JOURNAL OF NOVEL RESEARCH AND DEVELOPMENT (IJNRD) | IJNRD.ORG
An International Open Access, Peer-reviewed, Refereed Journal

# ਧਰਮ ਅਤੇ ਸਮਾਜ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਮਨੁੱਖੀ ਸਮਾਜ ਦੇ ਵਿਕਾਸ ਵਿਚ ਧਰਮ ਦੀ ਅਹਿਮ ਭੂਮਿਕਾ ਰਹੀ ਹੈ। ਧਰਮ ਇਕ ਪਾਸੇ ਮਨੁੱਖ ਦੀਆਂ ਸੰਪੂਰਨ ਨੈਤਿਕ ਕਿਰਿਆਵਾਂ ਲਈ ਕਾਰਜਸ਼ੀਲ ਰਿਹਾ ਹੈ ਅਤੇ ਦੂਜੇ ਪਾਸੇ ਇਨ੍ਹਾਂ ਕਿਰਿਆਵਾਂ ਨੂੰ ਪ੍ਰਤੀਬਿੰਬਤ ਕਰਨ ਵਾਲਾ ਸ਼ੀਸ਼ਾ ਵੀ ਹੈ। ਵਿਗਿਆਨ ਨੇ ਭਾਵੇਂ ਧਰਮ ਨੂੰ ਵਿਨਾਸ਼ਕਾਰੀ ਅਤੇ ਅਗਿਆਨਤਾ ਦਾ ਸੂਚਕ ਮੰਨਿਆ ਹੈ ਪ੍ਰੰਤੂ ਸਾਨੂੰ ਇਸ ਗੱਲ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਧਰਮ ਮਨੁੱਖੀ ਸਮਾਜ ਦੇ ਵਿਕਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। 'ਧਰਮ' ਸ਼ਬਦ ਦੇ ਕੋਸ਼ਗਤ ਅਰਥ ਕਰਤੱਵ, ਕਾਰਜ, ਡਿਊਟੀ ਅਤੇ ਫਰਜ਼ ਹੁੰਦੇ ਹਨ। ਮਨੁੱਖੀ ਆਤਮਾ ਨੂੰ ਵਿਕਾਸ ਤਕ ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ ਧਰਮ ਹੈ ਇਸ ਵਿਚ ਔਗੁਣਾਂ ਦਾ ਤਿਆਗ ਤੇ ਗੁਣਾਂ ਨੂੰ ਅਪਨਾਉਣਾ ਹੁੰਦਾ ਹੈ। ਧਰਮ ਕੁਝ ਲੋਕਾਂ ਦੀ ਵਸਤੂ ਨਹੀਂ ਉਸ ਵਿਚ ਲੌਕਿਕ ਅਤੇ ਸਰਵਕਾਲੀ ਵਿਸ਼ੇਸ਼ਤਾਵਾਂ ਮੌਜੂਦ ਹਨ। ਮੁੱਖ ਰੂਪ ਵਿਚ ਧਰਮ ਦੇ ਦੋ ਰੂਪ ਹੁੰਦੇ ਹਨ। ਇਕ ਅੰਦਰੂਨੀ ਪੱਧਰ ਓਤੇ ਅਤੇ ਦੂਸਰਾ ਬਾਹਰੀ-ਅੰਦਰੂਨੀ ਪੱਧਰ ਤੇ ਉਸਦਾ ਆਪਣਾ ਨਿੱਜੀ ਅਨੁਭਵ ਹੁੰਦਾ ਹੈ ਪਰ ਬਾਹਰੀ ਉਹ ਹੈ ਜਿਸਨੂੰ ਉਹ ਵਿਵਹਾਰਕ ਪੱਧਰ ਤੇ ਆਪਣੀਆਂ ਗਤੀਵਿਧੀਆਂ ਰਾਹੀਂ ਪ੍ਰਗਟ ਕਰਦਾ ਹੈ। ਜਦੋਂ ਮਨੁੱਖ ਦੀ ਅੰਦਰੂਨੀ ਅਤੇ ਬਾਹਰੀ ਤੌਰ ਤੇ ਪ੍ਰਗਟਾਅ ਵਿਚ ਇਕਸੁਰਤਾ ਨਹੀਂ ਰਹਿੰਦੀ ਤਾਂ ਇਕ ਖਲਾਅ ਪੈਦਾ ਹੋ ਜਾਂਦਾ ਹੈ ਕਿਉਂਕਿ ਜਦੋਂ ਉਸਦਾ ਬਾਹਰੀ ਪੱਖ ਪ੍ਰਭਾਵੀ ਹੋ ਜਾਵੇ ਤਾਂ ਉਹ ਕਰਮ ਕਾਂਡਾਂ ਵਿਚ ਉਲਝ ਕੇ ਰਹਿ ਜਾਂਦਾ ਹੈ ਪ੍ਰੰਤੂ ਅੰਦਰੂਨੀ ਤੌਰ ਤੇ ਤਿਆਗ ਵਾਲਾ ਪਾਸਾ ਭਾਰੀ ਹੋ ਜਾਵੇ ਤਾਂ ਉਹ ਸਮਾਜ ਨਾਲੋਂ ਟੁੱਟ ਜਾਂਦਾ ਹੈ। ਇਸ ਲਈ ਬਾਹਰੋਂ ਰੂਪ ਧਾਰਨ ਕਰਨ ਦੀ ਬਜਾਏ ਜੇ ਉਹ ਅੰਦਰੂਨੀ ਜੁਗਤ ਰਾਹੀਂ ਆਪਣੇ ਮਨ ਨੂੰ ਸਾਧ ਲਵੇ ਤਾਂ ਇਕ ਅਜਿਹਾ ਵਾਤਾਵਰਣ ਪੈਦਾ ਹੋ ਜਾਂਦਾ ਹੈ ਜੋ ਮਨੁੱਖ ਨੂੰ ਅਤਿਅੰਤ ਪ੍ਰਭਾਵਿਤ ਕਰਦਾ ਹੈ। ਇਸ ਲਈ ਵਿਹਾਰਕ ਤੌਰ ਤੇ ਹਰ ਵਿਅਕਤੀ ਆਪਣੇ ਧਰਮ ਅਨੁਸਾਰ ਆਪਣਾ ਜੀਵਨ ਢਾਲ ਲਵੇ ਤਾਂ ਉਹ ਦੂਸਰੇ ਦੇ ਧਰਮ ਪ੍ਰਤੀ ਵੀ ਸੁਹਿਰਦ ਹੋ ਜਾਂਦਾ ਹੈ।

**Key Words**: ਸ੍ਰੀ ਗੁਰੂ ਗ੍ਰੰਥ ਸਾਹਿਬ**,** ਧਰਮ, ਸਮਾਜ, ਸਦਾਚਾਰਕ, ਅਧਿਆਤਮਕਤਾ

ਧਰਮ ਅਤੇ ਸਮਾਜ ਦੋ ਅਜਿਹੇ ਕੇਂਦਰ ਬਿੰਦੂ ਹਨ ਜਿਨ੍ਹਾਂ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਸਮਾਜ ਧਰਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਧਰਮ ਸਮਾਜ ਨੂੰ। ਆਮ ਤੌਰ ਤੇ ਸਮਾਜਿਕ ਵਾਤਾਵਰਣ ਧਰਮ ਨੂੰ ਪ੍ਰਭਾਵਿਤ ਕਰਦਾ ਹੈ, ਭਾਵੇਂ ਧਰਮ ਦਾ ਪ੍ਰਭਾਵ ਵੀ ਸਮਾਜ ਉਤੇ ਅਕਸਰ ਦੇਖਿਆ ਜਾਂਦਾ ਹੈ। ਜੇ ਕੋਈ ਧਰਮ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਆਪਣੀ ਯੋਗ ਅਗਵਾਈ ਨਾ ਬਖਸ਼ੇ ਤਾਂ ਸਮਾਜ ਉਸ ਧਰਮ ਤੋਂ ਕੰਨੀ ਕਤਰਾ ਲੈਂਦਾ ਹੈ। ਡਾ. ਰਾਧਾ ਕ੍ਰਿਸ਼ਨਨ ਧਰਮ ਬਾਰੇ ਲਿਖਦੇ ਹਨ:

> ਕਿਸੇ ਸੱਚੇ ਧਰਮ ਦੀ ਕਸਵੱਟੀ ਇਹ ਹੈ ਕਿ ਇਹ ਕਿਸ ਹੱਦ ਤੱਕ ਵਿਅਕਤੀ ਅਤੇ ਸਮਾਜਿਕ ਵਿਵਸਥਾ ਨੂੰ ਬਦਲ ਸਕਦਾ ਹੈ। ਧਰਮ ਨੂੰ ਸਮਾਜਿਕ ਜੀਵਨ ਅਤੇ ਧਰਮ ਪ੍ਰਥਾਵਾਂ ਦੇ ਹਨੇਰੇ ਪੱਖਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ। [1]

ਧਰਮ ਹਮੇਸ਼ਾ ਸਮਾਜ ਵਿਚ ਫੈਲੇ ਕੋਹੜ ਨੂੰ ਖਤਮ ਕਰਨ ਲਈ ਤੱਤਪਰ ਰਹਿੰਦਾ ਹੈ। ਗੁਰਬਾਣੀ ਅਨੁਸਾਰ ਸਾਰੇ ਜੀਵ ਉਸ ਪਰਮ ਸਤਿ ਦੀ ਅੰਸ਼ ਹਨ। ਇਸ ਲਈ ਹਰ ਮਨੁੱਖ ਨੂੰ ਦੂਜੇ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ ਕਿ ਉਸਦੇ ਅੰਦਰ ਵਸਦੇ ਰੱਬ ਦਾ ਅਪਮਾਨ ਨਾ ਹੋਵੇ। ਸਾਰੇ ਮਨੁੱਖ ਮੂਲ ਰੂਪ ਵਿਚ ਬਰਾਬਰ ਹਨ, ਪਰ ਉਸਨੇ ਸਮਾਜ ਵਿਚ ਜਾਤ-ਪਾਤ, ਭਿੰਨ ਭੇਦ, ਵਰਣ ਵੰਡ, ਰੰਗ, ਨਸਲ ਅਤੇ ਕੌਮਾਂ ਦੇ ਵਿਤਕਰੇ ਪਾਏ ਹੋਏ ਹਨ। ਧਰਮ ਅਤੇ ਸਮਾਜ ਹਮੇਸ਼ਾ ਇਕ ਦੂਜੇ ਨਾਲ ਰਲਕੇ ਚਲਦੇ ਹਨ। ਸੰਸਾਰ ਦੇ ਸਾਰੇ ਧਰਮ ਸੱਚੇ ਹਨ ਕਿਉਂ ਜੋ ਉਹ ਮਨੁੱਖ ਦੀ ਕਿਸੇ ਨਾ ਕਿਸੇ ਸਮਾਜਿਕ ਲੋੜ ਨੂੰ ਪੂਰਿਆਂ ਕਰਦੇ ਹਨ। ਵਿਦਵਾਨਾਂ ਦੀ ਧਾਰਨਾ ਅਨੁਸਾਰ ਸਮਾਜ ਦਾ ਵਿਚਾਰ ਹੀ ਧਰਮ ਦੀ ਆਤਮਾ ਹੈ। ਇਸ ਲਈ ਵਿਚਾਰ ਅਤੇ ਆਚਾਰ ਨੂੰ ਧਰਮ ਦੇ ਦੋ ਮੂਲ ਅਧਾਰ ਮੰਨਿਆ ਗਿਆ ਹੈ।[2]

ਮਨੁੱਖੀ ਸਮਾਜ ਦੇ ਵਿਕਾਸ ਵਿਚ ਧਰਮ ਦੀ ਅਹਿਮ ਭੂਮਿਕਾ ਰਹੀ ਹੈ। ਧਰਮ ਇਕ ਪਾਸੇ ਮਨੁੱਖ ਦੀਆਂ ਸੰਪੂਰਨ ਨੈਤਿਕ ਕਿਰਿਆਵਾਂ ਲਈ ਕਾਰਜਸ਼ੀਲ ਰਿਹਾ ਹੈ ਅਤੇ ਦੂਜੇ ਪਾਸੇ ਇਨ੍ਹਾਂ ਕਿਰਿਆਵਾਂ ਨੂੰ ਪ੍ਰਤੀਬਿੰਬਤ ਕਰਨ ਵਾਲਾ ਸ਼ੀਸ਼ਾ ਵੀ ਹੈ। ਵਿਗਿਆਨ ਨੇ ਭਾਵੇਂ ਧਰਮ ਨੂੰ ਵਿਨਾਸ਼ਕਾਰੀ ਅਤੇ ਅਗਿਆਨਤਾ ਦਾ ਸੂਚਕ ਮੰਨਿਆ ਹੈ ਪ੍ਰੰਤੂ ਸਾਨੂੰ ਇਸ ਗੱਲ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਧਰਮ ਮਨੁੱਖੀ ਸਮਾਜ ਦੇ ਵਿਕਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। 'ਧਰਮ' ਸ਼ਬਦ ਦੇ ਕੋਸ਼ਗਤ ਅਰਥ ਕਰਤੱਵ, ਕਾਰਜ, ਡਿਊਟੀ ਅਤੇ ਫਰਜ਼ ਹੁੰਦੇ ਹਨ। ਮਨੁੱਖੀ ਆਤਮਾ ਨੂੰ ਵਿਕਾਸ ਤਕ ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ ਧਰਮ ਹੈ ਇਸ ਵਿਚ ਔਗੁਣਾਂ ਦਾ ਤਿਆਗ ਤੇ ਗੁਣਾਂ ਨੂੰ ਅਪਨਾਉਣਾ ਹੁੰਦਾ ਹੈ। ਧਰਮ ਕੁਝ ਲੋਕਾਂ ਦੀ ਵਸਤੂ ਨਹੀਂ ਉਸ ਵਿਚ ਲੌਕਿਕ ਅਤੇ ਸਰਵਕਾਲੀ ਵਿਸ਼ੇਸ਼ਤਾਵਾਂ ਮੌਜੂਦ ਹਨ। ਭਾਰਤੀ ਪਰੰਪਰਾ ਵਿਚ ਧਰਮ ਜਿਹੋ ਜਿਹਾ ਹਿੰਦੂਆਂ ਲਈ ਹੈ, ਉਹੋ ਜਿਹਾ ਬੋਧੀਆਂ, ਵੈਸ਼ਨਵਾਂ, ਜੈਨੀਆਂ ਅਤੇ ਭਾਰਤੀ ਦਰਸ਼ਨ ਅਧੀਨ ਆਉਣ ਵਾਲੇ ਵਰਗਾਂ ਲਈ ਹੈ।[3] ਪੱਛਮੀ ਵਿਦਵਾਨ ਹੀਗਲ ਅਨੁਸਾਰ ਧਰਮ ਪੂਰਨ ਸਵਾਧੀਨਤਾ ਹੈ।[4] ਕਾਂਤ ਅਨੁਸਾਰ ਧਰਮ ਨੈਤਿਕਤਾ ਹੈ। ਉਸ ਅਨੁਸਾਰ ਫਰਜ਼ਾਂ ਦੀ ਚੇਤਨਾ ਅੰਤਰ ਆਤਮਾ ਤੋਂ ਹੁੰਦੀ ਹੈ, ਇਸ ਲਈ ਇਹ ਫਰਜ਼ ਰੱਬੀ ਹੁਕਮ ਹਨ। [5]

ਇਹ ਤਾਂ ਸਪੱਸ਼ਟ ਹੈ ਕਿ ਧਰਮ ਵਿਸ਼ਵਾਸ, ਗਿਆਨ ਅਤੇ ਸੰਕਲਪ ਦੀ ਵਿਹਾਰਕ ਕਿਰਿਆ ਹੁੰਦੀ ਹੈ, ਜੋ ਮਨੁੱਖ ਨੂੰ ਅਧਿਆਤਮਕ ਲੋੜਾਂ ਪ੍ਰਤੀ ਜਾਗਰੂਕ ਕਰਦੀ ਹੈ। ਇਸ ਲਈ ਨੈਤਿਕ ਕਰਮ ਕਰਨੇ ਧਰਮ ਦਾ ਅਹਿਮ ਭਾਗ ਮੰਨੇ ਜਾਂਦੇ ਹਨ। ਸਮਾਜ ਵਿਚ ਸਬਰ ਅਤੇ ਸੰਤੋਖ ਰਾਹੀਂ ਬਰਾਬਰੀ ਅਤੇ ਨਿਆਂ ਦੀਆਂ ਕੀਮਤਾਂ ਸਥਾਪਿਤ ਹੁੰਦੀਆਂ ਹਨ। ਅੰਧ-ਵਿਸ਼ਵਾਸ਼ ਅਤੇ ਅਡੰਬਰ ਮਨੁੱਖ ਨੂੰ ਸੱਚ, ਤਿਆਗ, ਅਹਿੰਸਾ ਅਤੇ ਸੇਵਾ ਵਰਗੇ ਗੁਣਾਂ ਨੂੰ ਦੂਰ ਅਤੇ ਸਮਾਜ ਵਿਚ ਅਸੰਤੁਲਨ

ਪੈਦਾ ਕਰਦੇ ਹਨ। ਜਾਤ-ਪਾਤ, ਵਰਣ ਅਤੇ ਨਸਲ ਦੀ ਬੁਰਾਈ ਨੂੰ ਜੜ੍ਹੋਂ ਉਖਾੜ ਕੇ ਹੱਕ ਹਲਾਲ ਦੀ ਕਮਾਈ ਕਰਕੇ ਸਮਾਜ ਵਿਚ ਸਤਿਕਾਰ ਯੋਗ ਸਥਾਨ ਪ੍ਰਾਪਤ ਕੀਤਾ ਜਾ ਸਕਦਾ ਹੈ। ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਮੁੱਖ ਰੂਪ ਵਿਚ ਚਾਰ ਭਾਗਾਂ ਵਿਚ ਵੰਡਿਆ ਹੈ। ਧਰਮ ਗ੍ਰੰਥਾਂ ਵਿਚ ਇਨਾਂ ਨੂੰ 'ਚਾਰ ਪੁਰਸ਼ਾਰਥ' ਕਿਹਾ ਜਾਂਦਾ ਹੈ। ਧਰਮ, ਅਰਥ, ਕਾਮ ਅਤੇ ਮੋਕਸ਼ ਜਿਨ੍ਹਾਂ ਦਾ ਜ਼ਿਕਰ ਭਾਰਤ ਦੇ ਪੁਰਾਤਨ ਧਰਮ ਗ੍ਰੰਥਾਂ ਮਹਾਂਭਾਰਤ[6] ਬ੍ਰਹਮ ਪੁਰਾਣ[7] ਅਤੇ ਵਿਸ਼ਨੂੰ ਪੁਰਾਣ[8] ਆਦਿ ਵਿਚ ਪ੍ਰਾਪਤ ਹੁੰਦਾ ਹੈ। ਪੁਰਸ਼ਾਰਥ ਸ਼ਬਦ ਪੁਰਸ਼ + ਅਰਥ ਦੇ ਮੇਲ ਤੋ ਬਣਿਆ ਹੈ। ਪੁਰਸ਼ ਤੋਂ ਭਾਵ ਹੈ ਨਰ ਨਾਰੀ, ਅਰਥ ਤੋਂ ਭਾਵ ਹੈ ਇਛੱਤ ਫਲ ਪੁਰਸ਼ਾਰਥ ਦਾ ਅਰਥ ਹੋਇਆ 'ਜੋ ਪੁਰਸ਼ ਦੁਆਰਾ ਚਾਹਿਆ ਜਾਵੇ, ਜਿਸ ਦੀ ਇੱਛਾ ਕੀਤੀ ਜਾਵੇ।[9] ਧਰਮ, ਅਰਥ, ਕਾਮ ਅਤੇ ਮੋਕਸ਼ ਹੀ ਸਾਡੀ ਮੂਲ ਵਿਵਸਥਾ ਹੈ, ਜਿਸਦੀ ਸਾਧਨਾ ਨੂੰ ਪੁਰਸ਼ਾਰਥ ਕਿਹਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਅਰਥ ਕਾਮ ਮੋਕਸ਼ ਦਾ ਮਾਲਕ ਪ੍ਰਭੂ ਆਪ ਹੈ ਜਿਸ ਮਨੁੱਖ ਦੇ ਮੱਥੇ ਉੱਤੇ ਲੇਖ ਲਿਖਿਆ ਹੋਵੇ ਉਸਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ:

- ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥

ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥੧॥ [10]

- ਚਾਰਿ ਪਦਾਰਥ ਜੇ ਕੋ ਮਾਗੈ ॥

ਸਾਧ ਜਨਾ ਕੀ ਸੇਵਾ ਲਾਗੈ ॥[11]

- ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥

ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥[12]

ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹ ਹੀ ਤੇ ਮੇਰੋ ਨਿਸਤਾਰੁ ॥੧॥

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥

ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥੨॥੭॥[13]

ਇਨਾਂ ਪੁਰਸ਼ਾਰਥਾਂ ਦੀ ਪ੍ਰਾਪਤੀ ਦੀ ਇੱਛਾ ਕੇਵਲ ਪੁਰਸ਼ ਰੱਖਦਾ ਹੈ ਕਿਉਂਕਿ ਉਹ ਹੀ ਸਾਰੇ ਜੀਵ ਜੰਤੂਆਂ ਤੋਂ ਵੱਧ ਵਿਵੇਕੀ ਹੁੰਦੇ ਹੋਏ ਵੀ ਇਕ ਦੂਜੇ ਦੇ ਪੂਰਕ ਹਨ। ਇਹ ਵੱਖੋ-ਵੱਖਰੇ ਹੁੰਦੇ ਹੋਏ ਵੀ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਦੇ ਸੰਤੁਲਿਤ ਪ੍ਰਭਾਵ ਨਾਲ ਹੀ ਮਨੁੱਖੀ ਸ਼ਖ਼ਸੀਅਤ ਨੂੰ ਪੂਰਨਤਾ ਪ੍ਰਾਪਤ ਹੁੰਦੀ ਹੈ, ਜੋ ਹਰ ਇਕ ਮਨੁਖ ਨੂੰ ਸਮਾਨਤਾ ਦਾ ਦਰਜਾ ਪ੍ਰਾਪਤ ਕਰਵਾਉਂਦੀ ਹੈ।

ਧਰਮ ਇਕ ਅਮਲੀ (Practical) ਜੀਵਨ ਜਾਚ ਹੈ, ਜਿਸਨੂੰ ਨਮੂਨੇ ਦੀ ਜ਼ਿੰਦਗੀ ਜੀਉਣ ਦਾ ਢੰਗ ਵੀ ਕਿਹਾ ਜਾ ਸਕਦਾ ਹੈ। ਇਹ ਤਾਂ ਮਨੁੱਖ ਨੂੰ ਆਪੇ ਦੀ ਸੋਝੀ ਹੈ, ਜੋ ਸੱਚ ਤੋਂ ਪੈਦਾ ਹੋਈ ਹੋਣ ਕਰਕੇ ਸੱਚ ਦੀ ਭਾਲ ਕਰਦੀ ਹੈ ਅਤੇ ਅੰਤ ਨੂੰ ਸੱਚ ਵਿਚ ਹੀ ਅਭੇਦ ਹੋ ਜਾਂਦੀ ਹੈ। ਧਰਮ ਇਕ ਉਹ ਆਤਮਿਕ ਸਾਧਨਾ ਹੈ ਜੋ ਸਾਡੀ ਜ਼ਮੀਰ ਨੂੰ ਟੁੰਬਦੀ ਹੈ ਅਤੇ ਇਖਲਾਕੀ ਸ਼ਕਤੀ ਪੈਦਾ ਕਰਦੀ ਹੈ।[14] ਅਸਲ ਵਿਚ ਧਰਮ ਦੇ ਸ਼ੀਸ਼ੇ ਰਾਹੀਂ ਅਸੀਂ ਆਪਣੀਆਂ ਨੈਤਿਕ ਕਿਰਿਆਵਾਂ ਦੇਖ ਸਕਦੇ

ਹਾਂ। ਧਰਮ ਮਨੁੱਖ ਦੀ ਆਤਮਾ ਵਿਚੋਂ ਉਨਾਂ ਸਭ ਚੀਜ਼ਾਂ ਤੋਂ ਪਹਿਲਾਂ ਹੋਂਦ ਵਿਚ ਆਉਂਦਾ ਹੈ, ਫਲਦਾ ਫੁਲਦਾ ਹੈ, ਜਿਹੜੀਆਂ ਕਿ ਪਿਛੋਂ ਸ਼ਬਦਾਂ, ਕਰਮਾਂ ਜਾਂ ਰੀਤਾਂ ਤੇ ਰਸਮਾਂ ਵਿਚ ਪ੍ਰਗਟ ਹੁੰਦੀਆਂ ਹਨ।[15] ਮਨੁੱਖ ਦੇ ਅਧਿਆਤਮਕ ਖੇਤਰ ਵਿਚ ਬਹੁਤੇ ਸਾਰੇ ਵਿਸ਼ਵਾਸ ਸ਼ਾਮਲ ਹੁੰਦੇ ਹਨ। ਇਨਾਂ ਵਿਸ਼ਵਾਸ਼ਾਂ ਵਿਚੋਂ ਪ੍ਰਮੁੱਖ ਵਿਸ਼ਵਾਸ ਹੀ ਅਮਰ ਅਤੇ ਅਟੱਲ ਪ੍ਰਭੂ ਉਤੇ ਕੀਤਾ ਜਾਣਾ ਹੀ ਮਨੁੱਖ ਦੇ ਜਾਤੀ ਪੱਧਰ ਤੇ ਸੱਚ ਹੁੰਦਾ ਹੈ, ਜੋ ਸਮਾਜਿਕ ਪੱਧਰ ਉਤੇ ਨਿਯਮਾਂ ਅਤੇ ਕਾਨੂੰਨ ਰਾਹੀਂ ਪ੍ਰਗਟ ਹੁੰਦਾ ਹੈ। ਇਹੀ ਵਿਸ਼ਵਾਸ਼ ਹੀ ਪ੍ਰਭੂ ਦੀ ਸ਼ਕਤੀ ਹੈ ਜੋ ਪੂਰੇ ਵਿਸ਼ਵ ਨੂੰ ਚਲਾਉਂਦੀ ਹੈ, ਰਾਹੀਂ ਰੂਪਮਾਨ ਹੁੰਦਾ ਹੈ। ਧਰਮ ਅਨੁਸਾਰ ਹਰ ਵਿਅਕਤੀ ਉਸ ਪ੍ਰਭੂ ਉਪਰ ਆਪਣੇ ਢੰਗ ਨਾਲ ਹੀ ਵਿਸ਼ਵਾਸ਼ ਪ੍ਰਗਟ ਕਰਦਾ ਹੈ, ਜਿਸ ਕਰਕੇ ਉਸ ਦਾ ਆਪਣਾ ਨਿੱਜੀ ਢੰਗ ਨਾਲ ਕੀਤਾ ਗਿਆ ਵਿਸ਼ਵਾਸ਼ ਹੀ ਉਸਨੂੰ ਵਿਸ਼ਵ ਪੱਧਰ ਤੇ ਆਪਣੀਆਂ ਮਨੌਤਾਂ ਆਪ ਖੜੀਆਂ ਕਰਨ ਦੀ ਸਮਰੱਥਾ ਬਖਸ਼ਦਾ ਹੈ।

ਮੁੱਖ ਰੂਪ ਵਿਚ ਧਰਮ ਦੇ ਦੋ ਰੂਪ ਹੁੰਦੇ ਹਨ। ਇਕ ਅੰਦਰੂਨੀ ਪੱਧਰ ਉਤੇ ਅਤੇ ਦੂਸਰਾ ਬਾਹਰੀ-ਅੰਦਰੂਨੀ ਪੱਧਰ ਤੇ ਉਸਦਾ ਆਪਣਾ ਨਿੱਜੀ ਅਨੁਭਵ ਹੁੰਦਾ ਹੈ ਪਰ ਬਾਹਰੀ ਉਹ ਹੈ ਜਿਸਨੂੰ ਉਹ ਵਿਵਹਾਰਕ ਪੱਧਰ ਤੇ ਆਪਣੀਆਂ ਗਤੀਵਿਧੀਆਂ ਰਾਹੀਂ ਪ੍ਰਗਟ ਕਰਦਾ ਹੈ। ਜਦੋਂ ਮਨੁੱਖ ਦੀ ਅੰਦਰੂਨੀ ਅਤੇ ਬਾਹਰੀ ਤੌਰ ਤੇ ਪ੍ਰਗਟਾਅ ਵਿਚ ਇਕਸੁਰਤਾ ਨਹੀਂ ਰਹਿੰਦੀ ਤਾਂ ਇਕ ਖਲਾਅ ਪੈਦਾ ਹੋ ਜਾਂਦਾ ਹੈ ਕਿਉਂਕਿ ਜਦੋਂ ਉਸਦਾ ਬਾਹਰੀ ਪੱਖ ਪ੍ਰਭਾਵੀ ਹੋ ਜਾਵੇ ਤਾਂ ਉਹ ਕਰਮ ਕਾਂਡਾਂ ਵਿਚ ਉਲਝ ਕੇ ਰਹਿ ਜਾਂਦਾ ਹੈ ਪ੍ਰੰਤੂ ਅੰਦਰੂਨੀ ਤੌਰ ਤੇ ਤਿਆਗ ਵਾਲਾ ਪਾਸਾ ਭਾਰੀ ਹੋ ਜਾਵੇ ਤਾਂ ਉਹ ਸਮਾਜ ਨਾਲੋਂ ਟੁੱਟ ਜਾਂਦਾ ਹੈ। ਇਸ ਲਈ ਬਾਹਰੋਂ ਰੂਪ ਧਾਰਨ ਕਰਨ ਦੀ ਬਜਾਏ ਜੇ ਉਹ ਅੰਦਰੂਨੀ ਜੁਗਤ ਰਾਹੀਂ ਆਪਣੇ ਮਨ ਨੂੰ ਸਾਧ ਲਵੇ ਤਾਂ ਇਕ ਅਜਿਹਾ ਵਾਤਾਵਰਣ ਪੈਦਾ ਹੋ ਜਾਂਦਾ ਹੈ ਜੋ ਮਨੁੱਖ ਨੂੰ ਅਤਿਅੰਤ ਪ੍ਰਭਾਵਿਤ ਕਰਦਾ ਹੈ। ਇਸ ਲਈ ਵਿਹਾਰਕ ਤੌਰ ਤੇ ਹਰ ਵਿਅਕਤੀ ਆਪਣੇ ਧਰਮ ਅਨੁਸਾਰ ਆਪਣਾ ਜੀਵਨ ਢਾਲ ਲਵੇ ਤਾਂ ਉਹ ਦੂਸਰੇ ਦੇ ਧਰਮ ਪ੍ਰਤੀ ਵੀ ਸੁਹਿਰਦ ਹੋ ਜਾਂਦਾ ਹੈ।

"ਧਰਮ"ਸ਼ਬਦ ਦੇ ਕੋਸ਼ਗਤ ਅਰਥ ਕਰਤੱਵ, ਕਾਰਜ, ਡਿਊਟੀ ਅਤੇ ਫਰਜ਼ ਹਨ ਪਰੰਤੂ ਅਮਲੀ ਤੌਰ ਤੇ ਇਸ ਦਾ ਪ੍ਰਯੋਗ ਅਸੀਂ ਮਜ਼ਹਬੀ ਕਿਰਿਆਵਾਂ ਲਈ ਕਰਦੇ ਹਾਂ। ਮਹਾਂਭਾਰਤ ਵਿਚ ਧਰਮ ਦੇ ਅਰਥ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਇਸਨੂੰ ਧਾਰਨ ਕਰਨ ਕਰਕੇ ਹੀ ਇਸਨੂੰ 'ਧਰਮ' ਕਿਹਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ "ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਅਧਾਰ ਤੇ ਵਿਸ਼ਵ ਦੇ ਪਵਿਤ੍ਰ ਨਿਯਮ।[16] 'ਧਰਮ'ਕੁਝ ਲੋਕਾਂ ਦੀ ਵਸਤ ਨਹੀਂ ਸਗੋਂ ਉਸ ਵਿਚ ਸਰਵ ਲੌਕਿਕ ਅਤੇ ਸਰਵਕਾਲੀ ਵਿਸ਼ੇਸ਼ਤਾਵਾਂ ਮੌਜੂਦ ਹਨ। ਭਾਰਤੀ ਲੌਕਿਕ ਧਾਰਨਾ ਅਨੁਸਾਰ ਅਖੰਡ ਚਾਲ ਚਲਣ ਵਾਲੀ ਫਰਜ਼ ਦੀ ਧਾਰਾ ਧਰਮ ਹੈ। ਭਾਰਤ ਵਿਚ ਸਾਰੇ ਦਾਰਸ਼ਨਿਕ ਮੱਤ ਅਤੇ ਫਿਰਕੇ ਧਰਮ ਦੀ ਇਸ ਮੂਲ ਵਿਵਸਥਾ ਨੂੰ ਮੰਨਦੇ ਹਨ।

'ਧਰਮ' ਦੇ ਪ੍ਰਯੋਗ ਦੇ ਵਰਤਾਰੇ ਤੋਂ ਵੀ ਇਸ ਦੇ ਦੋ ਖੇਤਰ ਮੰਨੇ ਜਾਂਦੇ ਹਨ। ਇਕ ਪਾਸੇ ਵਿਅਕਤੀਗਤ ਪੱਧਰ ਉਤੇ ਅਜਿਹੇ ਉਪਰਾਲੇ ਜਿਨ੍ਹਾਂ ਦਾ ਉਦੇਸ਼ ਮੁਕਤੀ ਦੀ ਪ੍ਰਾਪਤੀ ਰਹਿੰਦਾ ਹੈ ਜੋ ਸਿਰਫ਼ ਨਜਿੱਠਣ ਤੱਕ ਹੀ ਸੀਮਿਤ ਹੁੰਦਾ ਹੈ। ਇਸਨੂੰ 'ਅਧਿਆਤਮਕ ਸਾਧਨਾ' ਕਿਹਾ ਜਾਂਦਾ ਹੈ, ਜਿਸ ਵਿਚ ਕਰਮ-ਕਾਂਡ, ਯੋਗ, ਗਿਆਨ ਅਤੇ ਭਗਤੀ ਸ਼ਾਮਲ ਹੁੰਦੇ ਹਨ। ਇਨ੍ਹਾਂ ਸਾਰਿਆਂ ਨੂੰ ਇਕ ਸ਼ਬਦ ਵਿਚ 'ਧਰਮ ਸਾਧਨਾ' ਵੀ ਕਿਹਾ ਜਾਂਦਾ ਹੈ ਜੋ ਸਿਰਫ਼ ਅਧਿਆਤਮਕ ਖੇਤਰ ਵਿਚ ਹੀ ਵਰਤਿਆ ਜਾਂਦਾ ਹੈ। ਦੂਜੇ ਅਰਥਾਂ ਵਿਚ ਇਸ ਤੋਂ ਇਲਾਵਾ 'ਧਰਮ' ਤੋਂ ਭਾਵ ਵਿਅਕਤੀ ਦਾ ਸਮਾਜ, ਭਾਈਚਾਰੇ, ਦੁਨੀਆਂ, ਕੁਦਰਤ ਅਤੇ ਬੇਗਾਨੇ ਧਰਮਾਂ ਪ੍ਰਤੀ ਕਰਤੱਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਧਰਮ ਦੇ ਇਸ ਬਾਹਰਮੁਖੀ ਪਹਿਲੂ ਵਿਚ ਵਿਅਕਤੀ ਦੀ, ਸਮਾਜ ਅਤੇ ਭਾਈਚਾਰੇ ਅਨੁਸਾਰ ਹੀ ਮੰਗ ਨੂੰ ਮੰਨਿਆ ਜਾਂਦਾ ਹੈ। ਧਰਮ ਦੇ

ਅੰਦਰੂਨੀ ਪੱਖ ਅਨੁਸਾਰ ਹੀ ਧਰਮ ਲਈ ਆਚਰਣ ਅਤੇ ਨੈਤਿਕਤਾ ਆਦਿ ਸ਼ਬਦਾਂ ਨੂੰ ਵੀ ਵਰਤਿਆ ਜਾਂਦਾ ਹੈ। ਜਿਵੇਂ ਅਸੀਂ ਪਹਿਲਾਂ ਵਿਚਾਰਿਆ ਹੇ ਕਿ ਧਰਮ ਨੈਤਿਕਤਾ ਹੈ ਅਤੇ ਨੈਤਿਕ ਕਰਮ ਧਰਮ ਦਾ ਅਤੁੱਟ ਅੰਗ ਹਨ। ਸਿੱਖ ਮਤ ਵਿਚ ਧਰਮ ਦੇ ਬਾਹਰੀ ਅਤੇ ਕਰਮ- ਕਾਂਡੀ ਰੂਪ ਦੀ ਬਜਾਏ ਧਰਮ ਦੇ ਅੰਦਰੂਨੀ ਪੱਖ ਨੂੰ ਸਵੀਕਾਰਿਆ ਗਿਆ ਹੈ।

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠੁ ਬਿਭੂਖਨ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥
ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ॥
ਕਹੁ ਨਾਨਕ ਨਿਸਚੌ ਧਯਾਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੧॥[17]

ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥[18]

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥[19]

ਅਧਿਆਤਮਕਤਾ ਵਿਚ ਨੈਤਿਕਤਾ ਨੂੰ ਸਹੀ ਅਰਥਾਂ ਵਿਚ ਅਮਲੀ ਰੂਪ ਵਿਚ ਪ੍ਰਗਟਾਅ ਕੇ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਂਦਾ ਹੈ। ਸਦਾਚਾਰ ਸ਼ਬਦ ਦੋ ਸ਼ਬਦਾਂ ਸਦਾ + ਅਚਾਰ ਤੋਂ ਮਿਲ ਕੇ ਬਣਿਆ ਹੈ, ਜਿਸ ਦਾ ਸ਼ਬਦੀ ਅਰਥ ਹੈ ਸ਼ੁਭ ਜਾਂ ਚੰਗਾ ਅਚਾਰ।[20] ਇਸ ਪ੍ਰਕਾਰ ਨੈਤਿਕਤਾ ਦਾ ਅਰਥ ਵੀ ਕਰਮ ਅਤੇ ਸ਼ੀਲ ਦਾ ਵਿਸ਼ੇਸ਼ਣ ਹੈ। ਕਰਮ ਅਤੇ ਸ਼ੀਲ ਦੇ ਵਿਸ਼ੇ ਵਿਚ ਸਤਿ ਅਤੇ ਅਸਤਿ, ਸ਼ੁਭ ਅਤੇ ਅਸ਼ੁਭ, ਸਦਗੁਣ ਅਤੇ ਅਉਗੁਣ ਆਦਿ ਦਾ ਵਿਵੇਚਨ ਨੈਤਿਕਤਾ ਦੇ ਪ੍ਰਮੁੱਖ ਮੁੱਦੇ ਹਨ ਜੋ ਹਮੇਸ਼ਾਂ ਲੌਕਿਕ ਅਤੇ ਪਾਰਲੌਕਿਕ ਚਿੰਤਨ ਦਾ ਵਿਸ਼ਾ ਬਣੇ ਰਹੇ ਹਨ। ਸਮੇਂ ਦੀਆਂ ਭੂਗੋਲਿਕ, ਸਮਾਜਿਕ ਅਤੇ ਰਾਜਨੀਤਕ ਸਥਿਤੀਆਂ ਇਨ੍ਹਾਂ ਨੂੰ ਪ੍ਰਭਾਵਤ ਵੀ ਕਰਦੀਆਂ ਹਨ ਪ੍ਰੰਤੂ ਨੈਤਿਕ ਚੇਤਨਾ ਕਦੇ ਵੀ ਸਮਾਪਤ ਨਹੀਂ ਹੁੰਦੀ, ਫਿਰ ਵੀ ਬੁਨਿਆਦੀ ਨੈਤਿਕ ਮੁੱਲ ਸਮੇਂ ਅਤੇ ਸਥਾਨ ਦੀ ਪਾਬੰਦੀ ਤੋਂ ਹਮੇਸ਼ਾ ਮੁਕਤ ਹੁੰਦੇ ਹਨ। ਮਨੁੱਖੀ ਸ਼ਖਸੀਅਤ ਵੀ ਹਮੇਸ਼ਾ ਦੋ ਪੱਖਾਂ ਤੇ ਨਿਰਭਰ ਕਰਦੀ ਹੈ ਇਕ ਅੰਤਰਮੁਖੀ ਅਤੇ ਦੂਜੀ ਬਾਹਰਮੁੱਖੀ। ਮਨੁੱਖ ਦੀਆਂ ਮਾਨਸਿਕ ਰੁੱਚੀਆਂ, ਮਨੋਬਿਰਤੀਆਂ ਅਤੇ ਮਨੋਭਾਵ ਉਸ ਦੀ ਅੰਤਰਮੁਖੀ ਪਹਿਲੂ ਅਤੇ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਤੌਰ ਤੇ ਉਸਦੇ ਸੰਬੰਧ ਉਸ ਦੀ ਬਾਹਰਮੁਖੀ ਪਹਿਲੂ ਨੂੰ ਬਿਆਨ ਕਰਦੇ ਹਨ। ਵਿਅਕਤੀ ਦੇ ਮਨੋਭਾਵ ਉਸ ਦੀ ਸ਼ਖਸੀਅਤ ਨੂੰ ਨਿਖਾਰਣ ਵਿਚ ਸਹਾਈ ਹੁੰਦੇ ਹਨ। ਇਸ ਲਈ ਉਸਨੂੰ ਆਪਣੇ ਉੱਚ ਆਦਰਸ਼ ਤੱਕ ਪੁੱਜਣ ਲਈ 'ਆਤਮ ਸੰਜਮ' ਅਪਨਾਉਣਾ ਪੈਂਦਾ ਹੈ ਕਿਉਂਕਿ ਮਨੋਵਿਕਾਰਾਂ ਦੇ ਅਧੀਨ ਵਿਅਕਤੀ ਤਾਂ ਅਸਲ ਨਿਸ਼ਾਨੇ ਤੋਂ ਭਟਕ ਜਾਂਦਾ ਹੈ। ਧਾਰਮਿਕ ਵਿਅਕਤੀ ਅੰਤਰਮੁਖੀ ਪਹਿਲੂ ਰਾਹੀਂ ਸਕਾਰਤਮਿਕ ਰੁਚੀਆਂ ਅਪਣਾ ਕੇ ਨਿਖੇਧਾਤਮਕ ਵਿਚਾਰਾਂ ਨੂੰ ਆਪਣੇ ਅੰਦਰੋਂ ਕੱਢ ਕੇ ਆਪਣੇ ਅੰਦਰ ਨੈਤਿਕ

ਗੁਣਾਂ ਦਾ ਖਜ਼ਾਨਾ ਭਰ ਲੈਂਦਾ ਹੈ। ਸਮਾਜ ਵਿਚ ਰਹਿੰਦਿਆਂ ਉਹੀ ਵਿਅਕਤੀ ਸਨਮਾਨ ਦਾ ਹੱਕਦਾਰ ਹੁੰਦਾ ਹੈ ਜੋ ਹਮੇਸ਼ਾ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੈ।

ਕੋਈ ਵੀ ਧਰਮ ਕਦੇ ਵੀ ਉਚਾ ਜਾਂ ਨੀਵਾਂ ਨਹੀਂ ਹੁੰਦਾ ਸਗੋਂ ਹਰ ਧਰਮ ਦੀਆਂ ਆਪਣੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ ਜਿਨ੍ਹਾਂ ਅਨੁਸਾਰ ਉਨ੍ਹਾਂ ਦੇ ਪੈਰੋਕਾਰ ਜ਼ਿੰਦਗੀ ਵਿਚ ਵਿਚਰਦੇ ਹਨ। ਧਰਮ ਅਨੁਸਾਰ ਉਹਨਾਂ ਨੂੰ ਦੂਜੇ ਦਾ ਧਰਮ ਵੀ ਉਨ੍ਹਾਂ ਹੀ ਅਸਰਦਾਰ ਤੇ ਉਪਯੋਗੀ ਜਾਪਦਾ ਹੈ। ਹਰ ਵਿਅਕਤੀ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਅਪਣਾ ਕੇ ਦੂਜਿਆਂ ਦੇ ਧਰਮ ਪ੍ਰਤੀ ਵੀ ਆਦਰ ਅਤੇ ਸਨਮਾਨ ਦੇ ਕੇ ਸਮਾਜ ਵਿਚ ਆਪਣੀ ਸਰਦਾਰੀ ਨੂੰ ਕਾਇਮ ਰੱਖ ਸਕਦਾ ਹੈ। ਅਧਿਆਤਮਕ ਖੇਤਰ ਵਿਚ ਕਦੇ ਵੀ ਕਿਸੇ ਧਰਮ ਦਾ ਆਗੂ ਦੂਜੇ ਧਰਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਕੇ ਜਿਥੇ ਉਪਮਾ ਦਾ ਪਾਤਰ ਬਣਦਾ ਹੈ ਉਥੇ ਸਦਾਚਾਰਕ ਕਦਰਾਂ ਕੀਮਤਾਂ ਦਾ ਰਖਵਾਲਾ ਵੀ ਮੰਨਿਆ ਜਾਂਦਾ ਹੈ।

ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਅਨੁਸਾਰ ਜ਼ਿੰਦਗੀ ਚਲਾਉਣ ਵਾਲੇ ਨੂੰ ਹੀ ਸ੍ਰੇਸ਼ਟ ਮੰਨਿਆ ਗਿਆ ਹੈ ਕਿਉਂਕਿ ਧਰਮ ਅਨੁਸਾਰ ਚਲਣ ਵਾਲਾ ਵਿਅਕਤੀ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਵੀ ਕਰਦਾ ਹੈ ਅਤੇ ਦੂਜੇ ਦੇ ਧਰਮ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਰੱਖਦਾ ਹੈ। ਅਧਿਆਤਮਕਤਾ ਵਿਚ ਗੜੁੰਦ ਵਿਅਕਤੀ ਹੀ ਸਦਾਚਾਰ ਦੀਆਂ ਸਹੀ ਭਾਵਨਾਵਾਂ ਦੀ ਤਰਜਮਾਨੀ ਕਰਕੇ ਹਮੇਸ਼ਾ ਇਕ ਨਰੋਆ ਸਮਾਜ ਸਿਰਜਨ ਵਿਚ ਸਹਾਈ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਰਾਧਾ ਕ੍ਰਿਸ਼ਨਨ, ਵਿਸ਼ਵਾਸ ਦਾ ਵਰਤਮਾਨ ਸੰਕਟ, ਪੰਨਾ 28

2. ਡਾ. ਗੁਰਸ਼ਰਨਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ ਸ਼ਾਸ਼ਤਰੀ ਪਰਿਪੇਖ, ਪੰਨਾ 7

3. ਹਿੰਦੀ ਵਿਸ਼ਵ ਕੋਸ਼, ਖੰਡ 6, ਪੰਨਾ 167

4. ਐਫ. ਮੈਕਸਮੂਲਰ, ਧਰਮ ਦੀ ਉਤਪਤੀ ਤੇ ਵਿਕਾਸ, (ਅਨੁ.) ਡਾ. ਤਾਰਨ ਸਿੰਘ, ਪੰਨਾ 14

5. ਉਹੀ, ਪੰਨਾ 10

6. ਮਹਾਂਭਾਰਤ 12, 167, 27 ਉਧਰਿਤ, ਸ਼ਮਸ਼ੇਰ ਸਿੰਘ, ਸਿਖ ਧਰਮ ਵਿਚ ਆਦਰਸ਼ ਮਨੁਖਦਾ ਸੰਕਲਪ, ਪੰਨਾ 7

7.ਉਧਰਿਤ, ਬ੍ਰਹਮ ਪੁਰਾਣ

8. ਉਹੀ, ਵਿਸ਼ਨੂੰ ਪੁਰਾਣ

9.ਮਨਮੋਹਨ ਸਿੰਘ, ਮਾਨਵੀ ਕਦਰਾਂ ਕੀਮਤਾਂ, ਪੰਨਾ 72

10. ਗੁਰੂ ਗ੍ਰੰਥ ਸਾਹਿਬ, ਅੰਗ 927

11. ਗੁਰੂ ਗ੍ਰੰਥ ਸਾਹਿਬ, ਅੰਗ 266

12. ਗੁਰੂ ਗ੍ਰੰਥ ਸਾਹਿਬ, ਅੰਗ 816

13. ਗੁਰੂ ਗ੍ਰੰਥ ਸਾਹਿਬ, ਅੰਗ 856

14. Dr. Radha Krishanan, Recovery of Faith, Page 64

15.ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 129

16. ਭਾਈ ਕਾਹਨ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 662

17. ਗੁਰੂ ਗ੍ਰੰਥ ਸਾਹਿਬ, ਅੰਗ 1353

18. ਗੁਰੂ ਗ੍ਰੰਥ ਸਾਹਿਬ, ਅੰਗ 1001

19. ਗੁਰੂ ਗ੍ਰੰਥ ਸਾਹਿਬ, ਅੰਗ 919

20.ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ 253

International Research Journal
IJNRD
Research Through Innovation